# ਮਿਤੀ 23.12.2016 ਨੂੰ ਮਾਨਯੋਗ ਸ਼੍ਰੀ ਚੁਨੀ ਲਾਲ ਭਗਤ, ਕਿਰਤ ਮੰਤਰੀ–ਕਮ–ਚੇਅਰਮੈਨ ਬੋਰਡ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 24ਵੀਂ urgent ਮੀਟਿੰਗ ਦੀ ਕਾਰਵਾਈ ਰਿਪੋਟ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 24ਵੀਂ urgent ਮੀਟਿੰਗ ਮਾਨਯੋਗ ਸ਼੍ਰੀ ਚੁਨੀ ਲਾਲ ਭਗਤ, ਕਿਰਤ ਮੰਤਰੀ ਜੋ ਕਿ ਪੰਜਾਬ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਚੇਅਰਮੈਨ ਹਨ, ਜੀ ਦੀ ਪ੍ਰਧਾਨਗੀ ਹੇਠ ਮਿਤੀ 23.12.2016 ਨੂੰ ਸਮਾਂ 12.00 ਵਜੇ (ਬਾਅਦ ਦੁਪਹਿਰ) ਪੰਜਾਬ ਭਵਨ, ਸੈਕਟਰ–3 ਚੰਡੀਗੜ੍ਹ ਵਿਖੇ ਹੋਈ। ਇਸ ਮੀਟਿੰਗ ਵਿੱਚ ਸ਼੍ਰੀ ਵਿਸਵਾਜੀਤ ਖੰਨਾ, ਆਈ.ਏ.ਐਸ., ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ ਜੀ ਤੋਂ ਇਲਾਵਾ ਹੇਠ ਲਿਖੇ ਮੈਂਬਰਾਂ/ਪ੍ਰਤੀਨਿਧਾਂ ਵਲੋਂ ਭਾਗ ਲਿਆ ਗਿਆ:–

| ਲੜੀ ਨੰ: | ਮੈਂਬਰ | ਹਾਜ਼ਰ ਮੈਂਬਰ/ ਪ੍ਰਤੀਨਿਧੀ |
|---|---|---|
| 1 | ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, | ਸ੍ਰੀ ਮਹਿੰਗਾ ਸਿੰਘ ਕੰਗ, ਪ੍ਰੋਗਰਾਮ ਮੈਨੇਜਰ, ਦਫਤਰ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ। |
| 2 | ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ। | ਸ੍ਰੀ ਚਾਂਦ ਸਿੰਗਲਾ, ਏ.ਈ.ਈ. (ਈ.ਆਈ.ਸੀ) ਦਫਤਰ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ। |
| 3 | ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਚੰਡੀਗੜ੍ਹ। | ਸ੍ਰੀ ਦਵਿੰਦਰ ਕੁਮਾਰ, ਸੁਪਰਡੰਟ ਇੰਜੀਨੀਅਰ, ਦਫਤਰ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਪੰਜਾਬ। |
| 4 | ਕਿਰਤ ਕਮਿਸ਼ਨਰ ਪੰਜਾਬ, ਚੰਡੀਗੜ੍ਹ। | ਸ੍ਰੀ ਤੇਜਿੰਦਰ ਸਿੰਘ ਧਾਲੀਵਾਲ, ਆਈ.ਏ.ਐਸ., ਕਿਰਤ ਕਮਿਸ਼ਨਰ ਪੰਜਾਬ। |
| 5 | ਡਿਪਟੀ ਚੀਫ ਲੇਬਰ ਕਮਿਸ਼ਨਰ, ਭਾਰਤ ਸਰਕਾਰ, ਚੰਡੀਗੜ੍ਹ | ਸ੍ਰੀ ਵਿਵੇਕ ਨਾਇਕ, ਐਲ.ਈ.ਓ (ਸੀ) ਦਫਤਰ ਡਿਪਟੀ ਚੀਫ ਲੇਬਰ ਕਮਿਸ਼ਨਰ, ਭਾਰਤ ਸਰਕਾਰ ਚੰਡੀਗੜ੍ਹ। |
| 6 | ਸ੍ਰੀ ਕਰਤਾਰ ਸਿੰਘ ਰਾਠੌਰ, ਭਾਰਤੀਯ ਮਜ਼ਦੂਰ ਸੰਘ, ਜੀ.ਟੀ. ਰੋਡ, ਜਲੰਧਰ। | ਹਾਜ਼ਰ |
| 7 | ਸ੍ਰੀ ਹਰਿੰਦਰਪਾਲ ਸਿੰਘ ਪੁੱਤਰ ਸ੍ਰੀ ਗੁਰਬਖਸ਼ ਸਿੰਘ, ਪਿੰਡ ਵਡਾਲਾ ਬਾਂਗਰ, ਤਹਿ ਅਤੇ ਜਿਲ੍ਹਾਂ ਗੁਰਦਾਸਪੁਰ (ਗੁਰੂ ਕਿਰਪਾ ਐਸ/ਸੀ ਸੁਸਾਇਟੀ ਮਸਤਫਾਪੁਰ)। | ਹਾਜ਼ਰ |
| 8 | ਸ੍ਰੀ ਕ੍ਰਿਸ਼ਨ ਪਾਲ ਸ਼ਰਮਾ ਪੁੱਤਰ ਲੇਟ ਸ੍ਰੀ ਮਿਲਖੀ ਰਾਮ ਸ਼ਰਮਾ, ਪਿੰਡ ਮੁਬਾਰਕਪੁਰ, ਐਮ.ਸੀ. ਡੇਰਾਬੱਸੀ (C/o ਸ੍ਰੀ ਵੀ.ਐਨ. ਸ਼ਰਮਾ ਬਿਲਡਰਜ਼ ਪ੍ਰਾ. ਲਿਮ:) | ਹਾਜ਼ਰ |

ਇਸ ਮੀਟਿੰਗ ਵਿਚ ਹੇਠ ਲਿਖੇ ਮੈਂਬਰ ਗੈਰ ਹਾਜ਼ਰ ਰਹੇ:–

| ਲੜੀ ਨੰ: | ਮੈਂਬਰਾਂ ਦਾ ਨਾਂ |
|---|---|
| 1 | ਸ੍ਰੀ ਰਜਿੰਦਰ ਮਿੱਤਲ, ਐਮ.ਡੀ, ਮੈਸ: ਡੀ.ਡੀ. ਮਿੱਤਲ ਟਾਵਰ, ਬਠਿੰਡਾ। |
| 2 | ਸ੍ਰੀ ਮਨਜੀਤ ਸਿੰਘ, ਪਿੰਡ ਸਰੀਹ, ਤਹਿ. ਨਕੋਦਰ ਜਲੰਧਰ |
| 3 | ਸ੍ਰੀ ਜ਼ੋਗਿੰਦਰ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ, ਆਦਰਸ ਨਗਰ, ਜਲੰਧਰ |

ਉਪਰੋਕਤ ਤੋਂ ਇਲਾਵਾ ਮੀਟਿੰਗ ਵਿਚ ਹੇਠ ਲਿਖੇ ਅਧਿਕਾਰੀ ਵੀ ਸ਼ਾਮਲ ਸਨ:-

| ਲੜੀ ਨੰ: | ਦਫਤਰ | ਹਾਜ਼ਰ ਅਧਿਕਾਰੀ |
|---|---|---|
| 1 | ਪੰਜਾਬ ਬੀ.ਓ.ਸੀ.ਡਬਲਿਯੂ ਬੋਰਡ | 1. ਸ੍ਰੀ ਬੀਰਇੰਦਰਜੀਤ ਸਿੰਘ, ਪ੍ਰੋਜ਼ੈਕਟ ਡਾਇਰੈਕਟਰ-ਕਮ-ਓ.ਐਸ.ਡੀ ਟੂ ਕਿਰਤ ਮੰਤਰੀ ਪੰਜਾਬ<br>2. ਸ੍ਰੀ ਸੋਢੀ ਮੱਲ, ਸਲਾਹਕਾਰ, ਬੋਰਡ<br>3. ਸ੍ਰੀ ਐਸ.ਐਸ.ਬਾਂਡੀ, ਡਿਪਟੀ ਸਕੱਤਰ, ਬੋਰਡ<br>4. ਸ੍ਰੀ ਜਗਦੀਸ਼ ਸੈਣੀ, ਲੇਖਾ ਅਫਸਰ, ਬੋਰਡ<br>5. ਸ੍ਰੀ ਕਮਲੇਸ਼ ਸ਼ਰਮਾ, ਸੁਪਰਡੰਟ, ਬੋਰਡ |

ਮੀਟਿੰਗ ਦੇ ਆਰੰਭ ਵਿੱਚ ਸ਼੍ਰੀ ਤੇਜਿੰਦਰ ਸਿੰਘ ਧਾਲੀਵਾਲ, ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੋਰਡ, ਵੱਲੋ ਮਾਨਯੋਗ ਕਿਰਤ ਮੰਤਰੀ-ਕਮ-ਚੈਅਰਮੈਨ ਬੋਰਡ, ਸ਼੍ਰੀ ਵਿਸਵਾਜੀਤ ਖੰਨਾ, ਵਧੀਕ ਮੁੱਖ ਸਕੱਤਰ ਕਿਰਤ ਅਤੇ ਮੀਟਿੰਗ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨੂੰ **'ਜੀ ਆਇਆਂ'** ਆਖਿਆ ਗਿਆ। ਇਸ ਉਪਰੰਤ ਮਾਨਯੋਗ ਚੈਅਰਮੇਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ।

ਇਹ ਮੀਟਿੰਗ ਮਾਨਯੋਗ ਚੇਅਰਮੈਨ ਜੀ ਵਲੋਂ urgent ਮੁੱਦੇ ਵਿਚਾਰਨ ਲਈ ਬੁਲਾਈ ਗਈ ਸੀ। ਜਿਸ ਵਿਚ ਸਿਰਫ ਹੇਠ ਲਿਖੇ ਅਜੰਡੇ ਡਿਸਕਸ ਕੀਤੇ ਗਏ, ਜਿਨ੍ਹਾਂ ਤੇ ਮੀਟਿੰਗ ਵਿਚ ਵਿਚਾਰ ਵਟਾਂਦਰਾਂ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਅਜੰਡਾ ਆਈਟਮ ਨੰ:1 ਸਕਿਲ ਡਿਵੈਲਪਮੈਂਟ ਸੈਂਟਰ, ਮਲਟੀ ਸਕਿਲ ਡਿਵੈਲਪਮੈਂਟ ਸੈਂਟਰ, ਲੇਬਰ ਸੈਡ ਕਮ ਨਾਈਟ ਸੈਂਲਟਰ, ਮੋਬਾਇਲ ਵੈਨ ਸਕੀਮ ਅਤੇ ਅਰਬਨ ਹੈਲਥ ਕਿਆਸਕ ਸਕੀਮਾਂ ਸਬੰਧੀ ਮੁੱਦੇ।**

1. **ਸਕਿਲ ਡਿਵੈਲਪਮੈਂਟ ਸੈਂਟਰ:-**

ਮਾਨਯੋਗ ਸਕੱਤਰ ਬੋਰਡ ਜੀ ਵੱਲੋ ਦੱਸਿਆ ਗਿਆ ਕਿ ਬੋਰਡ ਵਲੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੁਹਾਲੀ ਵਿਖੇ ਚਾਰ ਸਕਿਲ ਡਿਵਿਲੈਪਮੈਂਟ ਸੈਂਟਰ ਉਸਾਰੇ ਜਾ ਹਰੇ ਹਨ ਜਿਨ੍ਹਾਂ ਦੀ ਉਸਾਰੀ ਤਕਰੀਬਨ 44%, 20%, 57% ਅਤੇ 68% ਹੋ ਚੁੱਕੀ ਹੈ। ਲੇਕਿਨ ਮਿਤੀ 7.6.2016 ਨੂੰ ਕੇਂਦਰ ਸਰਕਾਰ, ਕਿਰਤ ਮੰਤਰਾਲੇ, ਨਵੀਂ ਦਿੱਲੀ ਵਲੋਂ ਬੀ.ਓ.ਸੀ.ਡਬਲਿਯੂ ਐਕਟ ਦੀ ਧਾਰਾ 60 ਅਧੀਨ ਹਦਾਇਤਾਂ ਜਾਰੀ ਕੀਤੀਆਂ ਗਈਆ ਕਿ ਬੋਰਡ ਪਾਸ ਪ੍ਰਾਪਤ ਹੋਏ ਸੈਸ ਦੀ ਰਾਸ਼ੀ ਵਿਚੋਂ ਇਮਾਰਤਾਂ, ਸਕੂਲ, ਹਸਪਤਾਲ, ਟਰੇਨਿੰਗ ਸੈਂਟਰ, ਵੇਟਿੰਗ ਹਾਲ, ਹੋਸਟਲ, ਲੇਬਰ ਸ਼ੈਡ-ਕਮ-ਨਾਈਟ ਸੈਲਟਰ ਆਦਿ ਨਾ ਉਸਾਰੇ ਜਾਣ। ਇਨ੍ਹਾਂ ਹਦਾਇਤਾਂ ਨੂੰ ਬੋਰਡ ਵਲੋਂ ਮਿਤੀ 19.7.2016 ਦੀ ਮੀਟਿੰਗ ਵਿਚ ਵਿਚਾਰਨ ਉਪਰੰਤ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਦੇ ਕੰਮ ਨੂੰ ਰੋਕ ਲਗਾਕੇ ਸਾਰਾ ਪ੍ਰੋਜੈਕਟ status quo ਕਰ ਦਿਤਾ ਗਿਆ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਬੋਰਡ ਵਲੋਂ ਕੇਂਦਰ ਸਰਕਾਰ ਨੂੰ 4 ਪੱਤਰ ਲਿਖੇ ਗਏ ਅਤੇ ਕੇਂਦਰ ਸਰਕਾਰ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਵੀ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਮਿਤੀ 20.12.2016 ਨੂੰ ਦਿੱਲੀ ਵਿਖੇ ਹੋਈ ਮੀਟਿੰਗ ਵਿਚ ਕੇਂਦਰੀ ਅਧਿਕਾਰੀਆਂ ਵਲੋਂ ਇਸ ਗੱਲ ਤੇ ਸਹਿਮਤੀ ਦਿਤੀ ਕਿ ਸਿਰਫ ਉਸਾਰੀ ਕਿਰਤੀਆਂ ਜਾਂ ਉਨ੍ਹਾਂ ਦੇ ਪ੍ਰੀਵਾਰਾਂ ਦੀ ਸਕਿਲ ਟ੍ਰੇਨਿੰਗ ਲਈ ਸਕਿਲ ਡਿਵੈਲਪਮੈਂਟ ਉਸਾਰਨ ਵਾਸਤੇ ਸੈਸ ਫੰਡ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕੇਂਦਰ ਸਰਕਾਰ ਦੇ ਅਧਿਕਾਰੀਆਂ ਨੂੰ ਮੀਟਿੰਗ ਦੋਰਾਨ ਦੱਸਿਆ ਗਿਆ ਕਿ ਕੇਂਦਰ ਸਰਕਾਰ ਵਲੋਂ ਜਾਰੀ ਹਦਾਇਤਾਂ ਵਿਚ ਲਿਖਿਆ ਹੈ ਕਿ ਉਸਾਰੀ ਕਿਰਤੀ ਰਾਜ ਸਰਕਾਰ ਦੀ ਆਬਾਦੀ ਦਾ ਇਕ ਛੋਟਾ ਜਿਹਾ ਹਿੱਸਾ ਹਨ ਅਤੇ ਰਾਜ ਸਰਕਾਰ ਦੁਆਰਾ ਆਮ ਜਨਤਾ ਲਈ ਅਜਿਹੀਆਂ ਸਹੂਲਤਾਂ ਦੇਣੀਆਂ ਬਣਦੀਆਂ ਹਨ ਜਿਨ੍ਹਾਂ ਵਿਚ ਉਸਾਰੀ ਕਿਰਤੀ ਵੀ ਸ਼ਾਮਲ ਹਨ ਇਸ ਲਈ ਕੇਂਦਰ

ਸਰਕਾਰ ਵਲੋਂ ਜਾਰੀ ਹਦਾਇਤਾਂ ਅਤੇ ਮੀਟਿੰਗ ਵਿਚ ਦਿਤੀ ਸਹਿਮਤੀ ਵਿਚ contradiction ਹੈ। ਇਸ ਤੇ ਉਨ੍ਹਾਂ ਕਿਹਾ ਕਿ ਇਸ ਬਾਰੇ ਕੇਂਦਰ ਸਰਕਾਰ ਸਪਸ਼ਟੀਕਰਨ ਜਾਰੀ ਕਰੇਗੀ।

ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਬਾਰੇ ਪੰਜਾਬ ਪੁਲੀਸ ਹਾਉਸਿੰਗ ਕਾਰਪੋਰੇਸ਼ਨ ਦੇ ਨੁਮਾਇੰਦੇ ਸ੍ਰੀ ਰਣਜੋਧ ਸਿੰਘ ਐਸ.ਈ. ਵਲੋਂ ਦੱਸਿਆ ਗਿਆ ਕਿ ਮੁਹਾਲੀ, ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿਚ ਉਸਾਰੇ ਜਾ ਰਹੇ ਸੈਂਟਰਾਂ ਦੀਆਂ ਇਮਾਰਤਾਂ ਦੀਆਂ ਕੁਝ ਮੰਜਲਾਂ ਦੀ ਸਲੈਬ ਪੈ ਚੁੱਕੀ ਹੈ ਅਤੇ ਬਾਕੀ ਉਸਾਰੀ ਅਜੇ ਰੋਕੀ ਹੋਈ ਹੈ। ਉਨ੍ਹਾਂ ਵਲੋਂ ਦੱਸੇ ਅਨੁਸਾਰ ਕੀਤੀ ਗਈ ਉਸਾਰੀ ਦਾ ਵੇਰਵਾ ਹੇਠਾਂ ਦਿਤਾ ਜਾਂਦਾ ਹੈ:-

| ਲੜੀ ਨੰ: | ਸਕਿਲ ਡਿਵੈਲਪਮੈਂਟ ਸੈਂਟਰ | ਕੀਤੀ ਗਈ ਉਸਾਰੀ ਦਾ ਵੇਰਵਾ | |
|---|---|---|---|
| 1 | ਮੁਹਾਲੀ | ਟ੍ਰੇਨਿੰਗ ਬਲਾਕ | ਗਰਾਉਂਡ ਫਲੌਰ ਤੇ ਛੱਤ ਪੈ ਗਈ ਅਤੇ ਬਾਕੀ ਦੀ ਮੰਜਿਲਾਂ ਤੇ ਕੰਮ ਅਧੂਰਾ ਹੈ। |
| | | ਹੌਸਟਲ | ਗਰਾਉਂਡ ਅਤੇ ਪਹਿਲੀ ਮੰਜਿਲ ਤੇ ਛੱਤ ਪੈ ਗਈ ਹੈ ਅਤੇ ਬਾਕੀ ਦਾ ਕੰਮ ਅਧੂਰਾ ਹੈ। |
| 2 | ਲੁਧਿਆਣਾ | ਟ੍ਰੇਨਿੰਗ ਬਲਾਕ | ਗਰਾਉਂਡ ਅਤੇ ਪਹਿਲੀ ਮੰਜਿਲ ਤੇ ਛੱਤ ਪੈ ਗਈ ਹੈ ਅਤੇ ਬਾਕੀ ਦਾ ਕੰਮ ਅਧੂਰਾ ਹੈ। |
| | | ਹੌਸਟਲ | ਗਰਾਉਂਡ ਅਤੇ ਪਹਿਲੀ ਮੰਜਿਲ ਤੇ ਛੱਤ ਪੈ ਗਈ ਹੈ ਅਤੇ ਬਾਕੀ ਦਾ ਕੰਮ ਅਧੂਰਾ ਹੈ। |
| 3 | ਅੰਮ੍ਰਿਤਸਰ | ਟ੍ਰੇਨਿੰਗ ਬਲਾਕ | ਗਰਾਉਂਡ ਫਲੌਰ ਤੇ ਛੱਤ ਪੈ ਗਈ ਅਤੇ ਬਾਕੀ ਦੀ ਮੰਜਿਲਾਂ ਤੇ ਕੰਮ ਅਧੂਰਾ ਹੈ। |
| | | ਹੌਸਟਲ | ਗਰਾਉਂਡ ਫਲੌਰ ਤੇ ਛੱਤ ਪੈ ਗਈ ਅਤੇ ਬਾਕੀ ਦੀ ਮੰਜਿਲਾਂ ਤੇ ਕੰਮ ਅਧੂਰਾ ਹੈ। |
| 4 | ਜਲੰਧਰ | ਟ੍ਰੇਨਿੰਗ ਬਲਾਕ | ਕੇਵਲ ਬੇਸਮੈਂਟ ਤੇ ਰਾਫਟਿੰਗ ਦਾ ਕੰਮ ਹੋਇਆ ਹੈ। |
| | | ਹੌਸਟਲ | ਕੇਵਲ ਬੇਸਮੈਂਟ ਤੇ ਰਾਫਟਿੰਗ ਦਾ ਕੰਮ ਹੋਇਆ ਹੈ। |

ਇਸ ਬਾਰੇ ਵਿਚਾਰ ਵਿਟਾਂਦਰੇ ਉਪਰੰਤ ਬੋਰਡ ਵਲੋਂ ਇਹ ਫੈਸਲਾ ਲਿਆ ਗਿਆ ਕਿ ਬੋਰਡ ਅਧਿਕਾਰੀਆਂ ਵਲੋਂ ਮਿਤੀ 20.12.2016 ਨੂੰ ਕੇਂਦਰ ਸਰਕਾਰ, ਕਿਰਤ ਮੰਤਰਾਲੇ ਨਾਲ ਹੋਈ ਮੀਟਿੰਗ ਦੌਰਾਨ ਜ਼ੋ ਸਪਸ਼ਟੀਕਰਨ ਜਾਰੀ ਕਰਨ ਬਾਰੇ ਕਿਹਾ ਗਿਆ ਸੀ ਉਸ ਬਾਰੇ ਤੁਰੰਤ ਇਕ ਪੱਤਰ ਲਿਖਿਆ ਜਾਵੇ ਅਤੇ ਸਪਸ਼ਟੀਕਰਨ ਮੰਗਿਆ ਜਾਵੇ। ਇਹ ਵੀ ਫੈਸਲਾ ਹੋਇਆ ਕਿ ਕਿਉਂਕਿ ਸਕਿਲ ਡਿਵੈਲਪਮੈਂਟ ਸੈਂਟਰ ਦੀਆਂ ਇਮਾਰਤਾਂ ਸਿਰਫ ਉਸਾਰੀ ਕਿਰਤੀ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਨੂੰ ਸਕਿਲ ਟ੍ਰੇਨਿੰਗ ਦੇਣ ਲਈ ਹੀ ਤਿਆਰ ਕੀਤੀਆ ਜਾ ਰਹੀਆਂ ਹਨ ਇਸ ਲਈ ਜਿਨ੍ਹਾਂ-ਜਿਨ੍ਹਾਂ ਸੈਂਟਰਾਂ ਵਿਚ ਇਕ ਜਾ ਇਕ ਤੋਂ ਵੱਧ ਮੰਜਿਲ ਬਿਲਡਿੰਗ ਦਾ structure/slab ਖੜਾ ਹੋ ਗਿਆ ਹੈ ਉਥੇ ਉਨ੍ਹਾਂ ਮੰਜਿਲਾ ਨੂੰ ਤਿਆਰ ਕਰ ਲਿਆ ਜਾਵੇ ਤਾਂ ਜ਼ੋ ਉਸ ਨੂੰ ਵਰਤੋਂ ਵਿਚ ਲਿਆਂਦਾ ਜਾ ਸਕੇ। ਬਾਕੀ ਦਾ ਕੰਮ ਉਦੋਂ ਤੱਕ ਰੋਕ ਲਿਆ ਜਾਵੇ ਜਦੋਂ ਤੱਕ ਕੇਂਦਰ ਸਰਕਾਰ ਤੋਂ ਸਪਸ਼ੀਕਰਨ ਪ੍ਰਾਪਤ ਨਹੀਂ ਹੋ ਜਾਂਦਾ।

## 2. ਲੇਬਰ ਸ਼ੈਡ-ਕਮ-ਨਾਈਨ ਸ਼ੈਲਟਰ:-

ਮਾਨਯੋਗ ਸਕੱਤਰ ਬੋਰਡ ਵਲੋਂ ਦੱਸਿਆ ਗਿਆ ਕਿ ਕੁੱਲ 27 ਸਾਈਟਾਂ ਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਤਿਆਰ ਕੀਤੇ ਜਾਣੇ ਸਨ ਜਿਨ੍ਹਾਂ ਵਿਚੋਂ 14 ਸਾਈਟਾਂ ਪੁਲੀਸ ਹਾਉਸਿੰਗ ਕਾਰਪੋਰੇਸ਼ਨ ਨੂੰ ਅਲਾਟ ਕੀਤੀਆਂ ਗਈਆਂ ਸਨ, 11 ਸਾਈਟਾਂ ਸਥਾਨਕ ਸਰਕਾਰ ਨੂੰ ਅਤੇ 2 ਸਾਈਟਾਂ ਪੀ.ਡਬਲਿਯੂ.ਡੀ ਵਿਭਾਗ ਨੂੰ ਅਲਾਟ ਕੀਤੀਆਂ ਗਈਆਂ ਸਨ। ਪੁਲੀਸ ਹਾਉਸਿੰਗ ਕਾਰਪੋਰੇਸ਼ਨ ਵਲੋਂ 14 ਸਾਈਟਾਂ ਵਿਚੋਂ 7 ਸਾਈਟਾਂ ਤੇ ਕੰਮ ਮੁਕੰਮਲ ਕਰ ਲਿਆ ਗਿਆ ਹੈ ਅਤੇ ਇਕ ਸਾਈਟ ਜ਼ੋ ਜੀਰਾ ਵਿਖੇ ਹੈ ਉਸ ਤੇ 90% ਕੰਮ ਹੋਣ ਉਪਰੰਤ ਰੋਕ ਦਿਤਾ

ਗਿਆ ਸੀ। ਬਾਕੀ ਦੀਆਂ 6 ਸਾਈਟਾਂ ਤੇ ਜਗ੍ਹਾਂ ਉਨ੍ਹਾਂ ਨੂੰ ਸਥਾਨਕ ਸਰਕਾਰ ਵਲੋਂ ਹੈਂਡ ਓਵਰ ਨਹੀਂ ਕੀਤੀ ਗਈ ਸੀ। ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਜੀਰਾ ਵਿਖੇ ਲੇਬਰ ਸ਼ੈਡ-ਕਮ-ਨਾਈਟ ਸੈਲਟਰ ਦੀ ਬਿਲਡਿੰਗ ਵੀ ਮੁਕੰਮਲ ਕੀਤੀ ਜਾਵੇ ਅਤੇ ਸਾਰੀਆਂ ਸਾਈਟਾਂ ਸਥਾਨਕ ਸਰਕਾਰ ਨੂੰ ਹੈਂਡ ਓਵਰ ਕਰ ਦਿੱਤੀਆਂ ਜਾਣ।ਇਸ ਬਿਲਡਿੰਗ ਦੀ ਸਹੂਲਤ ਨੂੰ ਫੀਲਡ ਅਧਿਕਾਰੀਆਂ ਵਲੋਂ ਵੱਧ ਤੋਂ ਵੱਧ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਲਈ ਬਤੌਰ ਰਜਿਸਟ੍ਰੇਸ਼ਨ ਸੈਂਟਰ ਵਰਤੋਂ ਵਿਚ ਲਿਆਂਦਾ ਜਾਵੇ।

ਸਥਾਨਕ ਸਰਕਾਰ ਵਲੋਂ ਕੁੱਲ 11 ਸਾਈਟਾਂ ਤੇ ਉਸਾਰੀ ਕੀਤੀ ਜਾਣੀ ਸੀ ਲੇਕਿਨ ਉਨ੍ਹਾਂ ਵਲੋਂ ਸਿਰਫ 2 ਸਾਈਟਾਂ, ਹੁਸ਼ਿਆਰਪੁਰ ਅਤੇ ਫਾਜਿਲਕਾ ਵਿਖੇ ਹੀ ਉਸਾਰੀ ਮੁਕੰਮਲ ਕੀਤੀ ਗਈ ਹੈ। ਬਾਕੀ 8 ਸਾਈਟਾਂ ਤੇ ਅਜੇ 50% ਤੋਂ 90% ਤੱਕ ਉਸਾਰੀ ਹੋਈ ਹੈ। ਫਾਜਿਲਕਾ ਵਿਖੇ 2 ਸਾਈਟਾਂ ਵਿਚੋਂ ਇਕ ਸਾਈਟ ਦੀ ਰਕਮ ਵਾਪਸ ਕਰ ਦਿੱਤੀ ਗਈ ਸੀ। ਇਸ ਬਾਰੇ ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ ਜੀ ਵਲੋਂ ਗੰਭੀਰ ਨੋਟਿਸ ਲੈਂਦੇ ਹੋਏ ਕਿਹਾ ਕਿ ਜੇਕਰ ਸਥਾਨਕ ਸਰਕਾਰ ਉਸਾਰੀ ਮੁਕੰਮਲ ਨਹੀਂ ਕਰਦੀ ਤਾਂ ਉਨ੍ਹਾਂ ਤੋਂ ਸਾਈਟਾਂ ਲੈਕੇ ਪੁਲੀਸ ਹਾਉਸਿੰਗ ਕਾਰਪੋਰੇਸ਼ਨ ਨੂੰ ਦੇ ਦਿੱਤੀਆਂ ਜਾਣ।

## 3. ਮਲਟੀ ਸਕਿਲ ਡਿਵੈਲਪਮੈਂਟ ਸੈਂਟਰ:-

ਸਕੱਤਰ ਬੋਰਡ ਵਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵਲੋਂ ਤਿਆਰ ਕੀਤੇ ਜਾ ਰਹੇ ਪੰਜ ਮਲਟੀ ਸਕਿਲ ਡਿਵੈਲਪਮੈਂਟ ਸੈਂਟਰਾਂ ਵਿਚ ਬੋਰਡ ਦੀ 25% ਹਿੱਸੇਦਾਰੀ ਵਜੋਂ ਬੋਰਡ ਵਲੋਂ 6.61 ਕਰੋੜ ਰੁਪਏ ਦੀ ਰਕਮ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਪਾਸ ਜਮਾਂ ਕਰਵਾਈ ਜਾ ਚੁੱਕੀ ਹੈ ਅਤੇ ਕਰੀਬ ਇਤਨੀ ਹੋਰ ਰਕਮ ਜਮਾਂ ਕਰਵਾਣੀ ਬਾਕੀ ਹੈ। ਮਿਤੀ 7.6.2016 ਦੀਆਂ ਕੇਂਦਰ ਸਰਕਾਰ ਦੀਆਂ ਹਦਾਇਤਾਂ ਆਉਣ ਉਪਰੰਤ ਹੋਰ ਅਦਾਇਗੀ ਰੋਕ ਦਿਤੀ ਗਈ ਸੀ। ਇਸ ਤੇ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਜੇਕਰ ਕੇਂਦਰ ਸਰਕਾਰ ਵਲੋਂ ਇਸ ਬਾਰੇ ਮੰਨਜੂਰੀ ਦੇ ਦਿਤੀ ਜਾਂਦੀ ਹੈ ਤਾਂ ਬਾਕੀ ਦੀ ਰਕਮ ਵੀ ਅਦਾ ਕਰ ਦਿਤੀ ਜਾਵੇ ਅਤੇ ਜੇਕਰ ਕੇਂਦਰ ਸਰਕਾਰ ਵਲੋਂ ਮੰਨਜੂਰੀ ਨਹੀਂ ਦਿਤੀ ਜਾਂਦੀ ਤਾਂ ਜਿਤਨੀ ਰਕਮ ਬੋਰਡ ਵਲੋਂ ਦਿੱਤੀ ਜਾ ਚੁੱਕੀ ਹੈ ਉਸ ਅਨੁਸਾਰ ਬੋਰਡ ਦੀ ਹਿੱਸੇਦਾਰੀ ਰਿਵਾਈਜ਼ ਕਰਵਾ ਲਈ ਜਾਵੇ।

## 4. ਮੋਬਾਇਲ ਹੈਲਥ ਵੈਨ ਸਕੀਮ:-

ਮਾਨਯੋਗ ਸਕੱਤਰ ਜੀ ਵਲੋਂ ਦੱਸਿਆ ਗਿਆ ਕਿ ਕਿਰਤ ਵਿਭਾਗ ਦੇ ਫੈਕਟਰੀ ਵਿੰਗ ਵਲੋਂ ਇਕ ਮੁਬਾਇਲ ਵੈਨ ਚਲਾਈ ਜਾ ਰਹੀ ਹੈ ਜਿਸ ਲਈ ਫੈਕਟਰੀ ਵਿੰਗ ਵਿਚ 3 ਡਾਕਟਰ ਸਿਹਤ ਵਿਭਾਗ ਵਲੋਂ ਡੈਪੂਟੇਸ਼ਨ ਤੇ ਰੱਖੇ ਹੋਏ ਹਨ। ਇਨ੍ਹਾਂ ਡਾਕਟਰਾਂ ਵਲੋਂ ਫੈਕਟਰੀ ਵਰਕਰਜ ਦਾ ਹੈਲਥ ਚੈਕ ਅਪ ਕੀਤਾ ਜਾਂਦਾ ਹੈ। ਬੋਰਡ ਦੀ ਸਕੀਮ ਅਧੀਨ ਜਦੋਂ ਵੀ ਫੈਕਟਰੀ ਵਿੰਗ ਦੇ ਡਾਕਟਰਾਂ ਵਲੋਂ ਉਸਾਰੀ ਸਾਈਟਾਂ ਤੇ ਉਸਾਰੀ ਕਿਰਤੀਆਂ ਦਾ ਹੈਲਥ ਚੈਕ ਅੱਪ ਕਰਨ ਲਈ ਮੁਬਾਇਲ ਵੈਨ ਦੀ ਵਰਤੋਂ ਕੀਤੀ ਜਾਂਦੀ ਹੈ ਉਦੋ ਮੁਬਾਇਲ ਵੈਨ ਦਾ ਡੀਜ਼ਲ/ ਰੀਪੇਅਰ ਆਦਿ ਦਾ ਸਾਰਾ ਖਰਚਾ ਬੋਰਡ ਵਲੋਂ ਕੀਤਾ ਜਾਂਦਾ ਹੈ। ਹੁਣ ਤੱਕ ਇਸ ਸਕੀਮ ਤੇ 12550/- ਰੁਪਏ ਦਾ ਖਰਚਾ ਕੀਤਾ ਗਿਆ ਹੈ। ਮਿਤੀ 7.6.2016 ਦੀਆਂ ਕੇਂਦਰ ਸਰਕਾਰ ਦੀਆਂ ਹਦਾਇਤਾਂ ਪ੍ਰਾਪਤ ਹੋਣ ਉਪਰੰਤ ਇਸ ਸਕੀਮ ਅਧੀਨ ਡੀਜ਼ਲ ਆਦਿ ਦਾ ਖਰਚਾ ਕਰਨਾ ਬੰਦ ਕਰ ਦਿਤਾ ਗਿਆ ਹੈ।

ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਕਿਉਂਕਿ ਇਸ ਸਕੀਮ ਅਧੀਨ ਜਿਸ ਸਮੇਂ ਮੁਬਾਇਲ ਵੈਨ ਦੀ ਵਰਤੋਂ ਉਸਾਰੀ ਕਿਰਤੀਆਂ ਦੇ ਹੈਲਥ ਚੈਕ ਅਪ ਕਰਨ ਲਈ ਉਸਾਰੀ ਸਾਈਟਾਂ ਤੇ ਜਾਣ ਲਈ ਕੀਤੀ ਜਾਂਦੀ ਹੈ ਉਸ ਸਮੇਂ ਦਾ ਹੀ ਸਿਰਫ ਵੈਨ ਦੇ ਡੀਜ਼ਲ/ ਰੀਪੇਅਰ ਆਦਿ ਦਾ ਖਰਚਾ ਹੀ ਦਿਤਾ ਜਾਂਦਾ ਹੈ ਇਸ ਲਈ ਇਸ ਸਕੀਮ ਨੂੰ ਚਾਲੂ ਰੱਖਿਆ ਜਾਵੇ।

5. <u>ਹੈਲਥ ਕਿਆਸਕ ਸਕੀਮ:-</u>

ਮਾਨਯੋਗ ਸਕੱਤਰ ਬੋਰਡ ਜੀ ਵਲੋਂ ਦੱਸਿਆ ਗਿਆ ਕਿ ਸਿਹਤ ਵਿਭਾਗ ਵਲੋਂ 21 ਜਗ੍ਹਾਂ ਤੇ ਹੈਲਥ ਕਿਆਸਕ ਚਲਾਏ ਜਾ ਰਹੇ ਹਨ ਜਿਨ੍ਹਾਂ ਨੂੰ ਚਲਾਣ ਲਈ ਡਾਕਟਰ, ਡਿਸਪੈਂਸਰ ਅਤੇ ਦਵਾਈਆਂ ਆਦਿ ਦਾ ਖਰਚਾ ਸਿਹਤ ਵਿਭਾਗ ਵਲੋਂ ਕੀਤਾ ਜਾਂਦਾ ਹੈ। ਇਹ ਹੈਲਥ ਕਿਆਸਕ ਆਮ ਤੌਰ ਤੇ ਸਲਮ ਏਰੀਆਂ ਵਿਚ ਸਥਾਪਤ ਕੀਤੇ ਹੋਏ ਹਨ ਜਿਥੇ ਜਿਆਦਾਤਰ ਉਸਾਰੀ ਕਿਰਤੀ ਰਹਿੰਦੇ ਹਨ। ਬੋਰਡ ਵਲੋਂ ਉਸਾਰੀ ਕਿਰਤੀਆਂ ਦੇ ਹੈਲਥ ਚੈਕ ਅਪ ਲਈ 20000/- ਰੁਪਏ ਪ੍ਰਤੀ ਕਿਆਸਕ ਪ੍ਰਤੀ ਮਹੀਨਾ ਹੈਲਥ ਕਿਆਸਕ ਦੇ operational and maintainance ਚਾਰਜਜ ਦਿਤੇ ਜਾਂਦੇ ਹਨ । ਹੁਣ ਤੱਕ ਇਕ ਤਿਮਾਹੀ ਦੇ 12.60 ਲੱਖ ਦਿਤੇ ਜਾ ਚੁੱਕੇ ਹਨ। ਮਿਤੀ 7.6.2016 ਦੀਆਂ ਕੇਂਦਰ ਸਰਕਾਰ ਦੀਆਂ ਹਦਾਇਤਾਂ ਪ੍ਰਾਪਤ ਹੋਣ ਉਪਰੰਤ ਇਸ ਸਕੀਮ ਅਧੀਨ ਬੋਰਡ ਵਲੋਂ ਰਕਮ ਅਦਾ ਕਰਨੀ ਬੰਦ ਕਰ ਦਿਤੀ ਗਈ ਸੀ।

ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਕਿਉਂਕਿ ਡਾਕਟਰ, ਡਿਸਪੈਂਸਰ ਅਤੇ ਦਵਾਈਆਂ ਆਦਿ ਸਾਰਾ ਖਰਚਾ ਸਿਹਤ ਵਿਭਾਗ ਕਰਦੀ ਹੈ ਅਤੇ ਬੋਰਡ ਵਲੋਂ ਉਸਾਰੀ ਕਿਰਤੀਆਂ ਦੇ ਹੈਲਥ ਚੈਕ ਅਪ ਵਜੋਂ ਸਿਰਫ 20000/- ਪ੍ਰਤੀ ਮਹੀਨਾ ਪ੍ਰਤੀ ਕਿਆਸਕ ਸਿਰਫ operational and maintainance ਚਾਰਜਜ ਵਜੋ ਦਿਤੇ ਜਾਂਦੇ ਹਨ ਇਸ ਲਈ ਇਸ ਸਕੀਮ ਨੂੰ ਚਾਲੂ ਰੱਖਿਆ ਜਾਵੇ।

**ਅਜੰਡਾ ਆਈਟਮ ਨੰ: 2 ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਲਈ ਸ਼ਗਨ ਸਕੀਮ ਵਿਚ ਸੋਧ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਮਹਿਸੂਸ ਕੀਤਾ ਗਿਆ ਕਿ ਮਿਤੀ 30.3.2015 ਨੂੰ ਸ਼ਗਨ ਸਕੀਮ ਵਿਚ 21000/- ਰੁਪਏ ਦੀ ਰਕਮ ਵਧਾ ਕੇ 31000/- ਰੁਪਏ ਕੀਤੀ ਗਈ ਸੀ ਇਸ ਲਈ ਇਸ ਸਕੀਮ ਵਿਚ ਦਿਤੀ ਜਾ ਰਹੀ ਵਿਤੀ ਸਹਾਇਤਾ ਵਿਚ ਹੋਰ ਵਾਧਾ ਕਰਨ ਦੀ ਜਰੂਰਤ ਨਹੀਂ ਹੈ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:1 ਪੰਜਾਬ ਸਰਕਾਰ ਵਲੋਂ ਚਲਾਈ ਜਾ ਰਹੀ "Housing for all" Policy ਅਧੀਨ ਰਜਿਸਟਰਡ ਉਸਾਰੀ ਕਿਰਤੀਆਂ ਨੂੰ ਅਲਾਟ ਹੋਣ ਵਾਲੇ ਮਕਾਨਾਂ ਲਈ ਬੋਰਡ ਵੱਲੋਂ ਵਿੱਤੀ ਸਹਾਇਤਾ ਪ੍ਰਦਾਨ ਕਰਨ ਸਬੰਧੀ "ਹਾਊਸਿੰਗ ਸਕੀਮ"।**

ਮਾਨਯੋਗ ਸਕੱਤਰ ਬੋਰਡ ਵਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵਲੋਂ ਪੱਤਰ ਨੰ: 21/4/2014-1HG11/2738 ਮਿਤੀ 22.12.2015 ਰਾਹੀਂ ਸਹਿਰੀ ਘੱਟ ਆਮਦਨ ਵਰਗ, ਆਰਥਿਕ ਤੌਰ ਤੇ ਕਮਜੋਰ ਵਰਗ ਲਈ ਰਿਆਇਤੀ ਦਰਾਂ ਤੇ ਮਕਾਨ ਬਣਾਕੇ ਦੇਣ ਲਈ '"Housing for all for the state of Punjab (urban)" ਸਕੀਮ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਸਕੀਮ ਅਧੀਨ ਹੇਠ ਲਿਖੇ 4 verticals ਹਨ:-

1) In Situ Slum Redevelopment.
2) Affordable Housing through credit linked subsidy.
3) Affordable Housing in partnership.
4) Subsidy for beneficiary led individual house construction.

ਬੋਰਡ ਪਾਸ ਉਪਰੋਕਤ ਕੇਵਲ ਲੜੀ ਨੰ: 2 ਤੇ ਦਰਜ vertical ਸਬੰਧੀ ਅਜੰਡਾ ਆਈਟਮ ਬੋਰਡ ਦੀ ਪ੍ਰਵਾਨਗੀ ਹਿਤ ਅੱਜ ਪੇਸ਼ ਕੀਤੀ ਗਈ।

ਬੋਰਡ ਵਲੋਂ ਵਿਚਾਰ ਵਟਾਂਦਰੇ ਉਪਰੰਤ ਫੈਸਲਾ ਲਿਆ ਗਿਆ ਕਿ ਹਾਲ ਦੀ ਘੜੀ ਲੜੀ ਨੰ: 2 ਤੇ ਦਰਜ verticle ਅਨੁਸਾਰ ਸਹਿਰੀ ਵਿਕਾਸ ਅਥਾਰਟੀਆਂ ਵਲੋਂ ਸਹਿਰਾਂ ਵਿਚ ਆਰਥਿਕ ਤੌਰ ਤੇ ਕਮਜੋਰ ਅਤੇ ਘੱਟ ਆਮਦਨ ਵਾਲੇ ਵਸਨੀਕਾਂ ਨੂੰ ਸਰਕਾਰ ਵਲੋਂ ਤਿਆਰ ਕੀਤੀ ਹੋਈ

ਪਾਲਿਸੀ " ਸਾਰਿਆਂ ਲਈ ਮਕਾਨ" ਤਹਿਤ ਘੱਟੋ-ਘੱਟ ਕੀਮਤ ਤੇ ਮਕਾਨ ਮੁਹਈਆਂ ਕਰਨ ਲਈ ਸਮੇਂ ਸਮੇਂ ਤੇ ਮੰਗੀਆਂ ਗਈਆਂ ਅਰਜੀਆਂ ਵਿਚੋਂ ਪਾਏ ਗਏ ਯੋਗ ਲਾਭਪਾਤਰੀਆਂ ਵਿਚੋਂ ਜਿਹੜੇ ਰਜਿਸਟਰਡ ਉਸਾਰੀ ਕਿਰਤੀ ਹੋਣਗੇ ਉਨ੍ਹਾਂ ਨੂੰ ਬੋਰਡ ਦੀ ਸਕੀਮ ਦਾ ਲਾਭ ਦਿਤਾ ਜਾਵੇ। ਬੋਰਡ ਵਲੋਂ ਹੇਠ ਲਿਖੀ ਸਕੀਮ ਸ਼ਰਤਾਂ ਸਮੇਤ ਪ੍ਰਵਾਨ ਕੀਤੀ ਗਈ ਬਾਕੀ 3 verticles ਬਾਰੇ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਇਨ੍ਹਾਂ ਦੀ ਚੰਗੀ ਤਰ੍ਹਾਂ ਘੋਖ ਕਰਕੇ ਸਰਕਾਰ ਪਾਸੋਂ ਸਕੀਮਾਂ ਪ੍ਰਵਾਨ ਕਰਵਾਣ ਉਪਰੰਤ ਬੋਰਡ ਦੀ ਅਗਲੀ ਮੀਟਿੰਗ ਵਿਚ ਪੇਸ਼ ਕੀਤੀਆਂ ਜਾਣ।

**<u>ਸ਼ਰਤਾਂ</u>**

1) ਇਸ ਸਕੀਮ ਅਧੀਨ ਲਾਭ ਲੈਣ ਬਾਰੇ ਉਸਾਰੀ ਕਿਰਤੀ ਦੀ ਬੋਰਡ ਪਾਸ ਮੈਂਬਰਸ਼ਿਪ ਦੀ ਮਿਆਦ ਘੱਟੋ-ਘੱਟ ਦੋ ਸਾਲ ਹੋਣੀ ਚਾਹੀਦੀ ਹੈ ਅਤੇ ਲਾਭਪਾਤਰੀ ਆਪਣੀ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮ੍ਹਾ ਕਰਵਾ ਰਿਹਾ ਹੋਵੇ।

2) ਇਸ ਸਕੀਮ ਅਧੀਨ ਲਾਭਪਾਤਰੀ ਨੂੰ ਆਪਣੀ ਮੈਂਬਰਸ਼ਿਪ ਦੌਰਾਨ ਕੇਵਲ ਇੱਕ ਵਾਰ ਹੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ।

3) ਅਜਿਹੇ ਲਾਭਪਾਤਰੀ ਉਸਾਰੀ ਕਿਰਤੀ ਜਿਨ੍ਹਾਂ ਦੇ ਨਾਂ **"Housing for all" Policy** ਅਧੀਨ ਪ੍ਰਵਾਨ ਕੀਤੇ ਗਏ ਹੋਣਗੇ ਕੇਵਲ ਉਹ ਹੀ ਇਸ ਹਾਊਸਿੰਗ ਸਕੀਮ ਦਾ ਲਾਭ ਉਠਾ ਸਕਦੇ ਹਨ, ਜਿਸ ਲਈ ਉਸਾਰੀ ਕਿਰਤੀ ਨੂੰ ਅਲਾਟਮੈਂਟ ਪੱਤਰ ਦੀ ਫੋਟੋਕਾਪੀ ਬੋਰਡ ਨੂੰ ਦੇਣੀ ਹੋਵੇਗੀ।

4) ਇਸ ਸਕੀਮ ਅਧੀਨ ਲਾਭਪਾਤਰੀ ਵੱਲੋਂ ਉਕੱਤ ਸ਼ਹਿਰੀ ਵਿਕਾਸ ਅਥਾਰਟੀਆਂ ਵਲੋਂ ਅਲਾਟ ਹੋਈ ਜਗ੍ਹਾ ਤੇ ਉਸਾਰੇ ਜਾਣ ਵਾਲੇ ਮਕਾਨ ਦੇ ਕਰਜ਼ੇ ਤੇ ਵਿਆਜ਼ ਦਰ ਦਾ ਜ਼ੋ ਹਿੱਸਾ ਸਰਕਾਰ ਵਲੋਂ ਅਦਾ ਕੀਤਾ ਜਾਣਾ ਹੈ, ਨੂੰ ਛੱਡਕੇ ਬਾਕੀ ਸਾਰਾ ਵਿਆਜ਼ ਬੋਰਡ ਵੱਲੋਂ ਅਦਾ ਕੀਤਾ ਜਾਵੇਗਾ।

5) ਸ਼ਹਿਰੀ ਵਿਕਾਸ ਅਥਾਰਿਟੀ ਵਲੋਂ ਲਗਾਈਆਂ ਗਈਆਂ ਬਾਕੀ ਸਾਰੀਆਂ ਸ਼ਰਤਾਂ ਉਵੇਂ ਹੀ ਲਾਗੂ ਹੋਣਗੀਆਂ।

6) ਲਾਭਪਾਤਰੀ ਵਲੋਂ ਪ੍ਰਾਪਤ ਕੀਤੇ ਗਏ ਮਕਾਨ ਉਸਾਰੀ ਕਰਜੇ ਤੇ ਜਦੋਂ ਜਦੋਂ ਸਰਕਾਰ ਵਲੋਂ ਵਿਆਜ ਦੀ ਰਕਮ ਅਦਾ ਕੀਤੀ ਜਾਵੇਗੀ ਉਸਦਾ ਸਬੂਤ ਪੇਸ਼ ਕਰਨ ਤੇ ਹੀ ਬੋਰਡ ਦੇ ਹਿਸੇ ਦਾ ਵਿਆਜ ਅਦਾ ਕੀਤਾ ਜਾਵੇਗਾ

7) ਇਸ ਸਕੀਮ ਅਧੀਨ ਵਿੱਤੀ ਸਹਾਇਤਾ ਸਬ-ਡਵੀਜ਼ਨ ਪੱਧਰ ਤੇ ਗਠਿਤ ਕਮੇਟੀ ਦੀਆਂ ਸਿਫਾਰਿਸ਼ਾਂ ਉਪਰੰਤ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਦਿੱਤੀ ਪ੍ਰਵਾਨਗੀ ਦੇ ਅਧਾਰ ਤੇ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ ਦੁਆਰਾ ਮੰਗ ਕਰਨ ਤੇ ਬੋਰਡ ਦਫ਼ਤਰ ਵੱਲੋਂ ਲਾਭਪਾਤਰੀ ਦੇ ਸਬੰਧਤ ਬੈਂਕ ਜਿਸ ਪਾਸੋਂ ਕਰਜ਼ਾ ਲਿਆ ਹੋਵੇ ਨੂੰ ਆਰ.ਟੀ.ਜੀ.ਐਸ. ਰਾਹੀਂ ਟਰਾਂਸਫਰ ਕਰਵਾਈ ਜਾਵੇਗੀ।

ਮੀਟਿੰਗ ਮਾਨਯੋਗ ਸਕੱਤਰ ਬੋਰਡ ਜੀ ਵਲੋਂ ਧੰਨਵਾਦੀ ਮੱਤੇ ਨਾਲ ਸਮਾਪਤ ਹੋਈ।